ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ) ਪੰਜਾਬ

ਵੱਲ:

ਸਮੂਹ **ਮੰਡਲ ਸਿੱਖਿਆ ਅਫਸਰ**
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ ਸਿ/ਐ ਸਿ)
ਪੰਜਾਬ।

ਪੱਤਰ ਨੰ: ਸਟੈਨੋ/ਡੀ.ਡੀ.ਐਸ.ਏ/ਸਪੈਸ਼ਲ 04
ਮਿਤੀ: 06.05.2013

**ਵਿਸ਼ਾ:- ਰੈਸ਼ਨਾਇਲੇਜੇਸ਼ਨ ਪਾਲਿਸੀ ਸਾਲ 2013-14 ਦੇ ਸਬੰਧ ਵਿੱਚ।**

ਮਿਤੀ: 03.05.2013 ਨੂੰ ਉਕਤ ਵਿਸ਼ੇ ਦੇ ਸਬੰਧ ਵਿੱਚ ਸਟੇਟ ਪੱਧਰ ਤੇ ਹੋਈ ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਜੋ ਫੈਸਲੇ ਲਏ ਗਏ ਸਨ, ਉਨ੍ਹਾਂ ਦੀ ਇੰਨ ਬਿੰਨ ਪਾਲਣਾ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ:-

1) ਸਕੂਲ ਮੁੱਖੀ ਦੇ ਪੀਰੀਅਡ ਗਿਣਕੇ ਹੀ ਰੈਸ਼ਨੇਲਾਈਜੇਸ਼ਨ ਕੀਤੀ ਜਾਵੇ ਜੇਕਰ ਇਸ ਕਾਰਨ ਮਾਸਟਰ ਕਾਡਰ ਦਾ ਕੋਈ ਅਧਿਆਪਕ ਸਰਪਲਸ ਹੁੰਦਾ ਹੈ ਤਾਂ ਉਸ ਅਨੁਸਾਰ ਹੀ ਸ਼ਿਫਟਿੰਗ ਦੀ ਤਜਵੀਜ਼ ਬਣਾਈ ਜਾਵੇ।
2) 1000 ਤੋਂ ਜਿਆਦਾ ਵਿਦਿਆਰਥੀਆਂ ਵਾਲੇ ਸਕੂਲ ਵਿੱਚ ਸਕੂਲ ਮੁੱਖੀ ਨੂੰ ਸਕੂਲ ਮੁੱਖੀ ਦੇ ਬਣਦੇ ਪੀਰੀਅਡਾ ਤੋਂ ਛੋਟ ਦਿੱਤੀ ਜਾਂਦੀ ਹੈ।
3) ਰੈਸ਼ਨੇਲਾਈਜੇਸ਼ਨ ਕਰਨ ਵੇਲੇ ਮਿਤੀ: 15.05.2013 ਦੇ ਅੰਕੜੇ ਲਏ ਜਾਣ ਅਤੇ ਰੈਸ਼ਨਲਾਈਜੇਸ਼ਨ ਹਰ ਹਾਲਤ ਵਿੱਚ 30.05.2013 ਨੂੰ ਖਤਮ ਕੀਤੀ ਜਾਵੇ।
4) ਸਾਇੰਸ ਅਤੇ ਕਮਰਸ ਗਰੁੱਪ ਦੀ ਰੈਸ਼ਨਲਾਈਜੇਸ਼ਨ ਪਹਿਲਾਂ ਕੀਤੀ ਜਾਵੇ। ਜਿਲ੍ਹਾ ਪੱਧਰ ਤੇ ਇਹ ਰੈਸ਼ਨੇਲਾਈਜੇਸ਼ਨ ਮਿਤੀ 20.05.2013 ਤੱਕ ਖਤਮ ਕੀਤੀ ਜਾਵੇ ਅਤੇ ਮੰਡਲ ਸਿੱਖਿਆ ਅਫਸਰ ਇਸ ਰੈਸ਼ਨੇਲਾਈਜੇਸ਼ਨ ਦੀ ਪੜਤਾਲ ਕਰਨ ਉਪਰੰਤ ਮਿਤੀ 22.05.2013 ਤੱਕ ਸਟੇਟ ਹੈਡ ਕੁਆਰਟਰ ਤੇ ਪੇਸ਼ ਕਰਨਗੇ।
5) ਚੱਲ ਰਹੇ ਸਾਇੰਸ/ਕਮਰਸ ਗਰੁੱਪ ਲਈ ਕ੍ਰਮਵਾਰ 4 ਲੈਕਚਰਾਰ ਅਤੇ 2 ਲੈਕਚਰਾਰ ਹਰ ਹਾਲਤ ਵਿੱਚ ਪੂਰੇ ਕੀਤੇ ਜਾਣ। ਜੇਕਰ ਗਰੁੱਪ ਚੱਲਣ ਦੀ ਸੰਭਾਵਨਾ ਹੈ ਜਾਂ ਵਿਦਿਆਰਥੀਆਂ ਦੀ ਗਿਣਤੀ ਨਿਯਮਾਂ ਅਨੁਸਾਰ ਪੂਰੀ ਹੈ ਪਰ ਲੈਕਚਰਾਰਾਂ ਦੀ ਗਿਣਤੀ ਘੱਟ ਹੈ ਤਾਂ ਮੰਡਲ ਪੂਲ ਵਿੱਚੋਂ ਬਣਦੇ ਲੈਕਚਰਾਰਾ ਦੀ ਮੰਗ ਕੀਤੀ ਜਾਵੇ।
6) ਜੇਕਰ ਲੈਕਚਰਾਰਾ ਦੇ ਆਪਣੇ +1 ਅਤੇ +2 ਦੇ ਸਮਾਂ ਸਾਰਣੀ ਅਨੁਸਾਰ ਪੀਰੀਅਡ ਪੂਰੇ ਨਹੀ ਹੁੰਦੇ ਤਾਂ ਉਨ੍ਹਾਂ ਨੂੰ ਹੇਠਲੀਆਂ ਜਮਾਤਾਂ, ਦਸਵੀ ਅਤੇ ਨੋਵੀਂ ਜਮਾਤਾਂ ਦੇ ਪੀਰੀਅਡ ਹੀ ਦਿੱਤੇ ਜਾਣ।
7) ਜੇਕਰ ਕਿਸੇ ਸਕੂਲ ਵਿੱਚ ਇਸਤਰੀ ਅਧਿਆਪਕਾ ਦੀ ਗਿਣਤੀ ਸਿਰਫ਼ ਇੱਕ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ ਆਪਣੇ ਪੱਧਰ ਤੇ ਅਧਿਆਪਕਾਂ ਦੇ ਆਪਸੀ ਤਾਲਮੇਲ ਰਾਹੀ ਉੱਥੇ ਘੱਟੋ-ਘੱਟ 2 ਇਸਤਰੀ ਅਧਿਆਪਕਾਂ ਦੀ ਤਇਨਾਤੀ ਕਰਨ ਦੀ ਕੋਸ਼ਿਸ਼ ਕਰਨਗੇ।
8) ਸਕੂਲਾਂ ਵਿੱਚ ਰੈਸ਼ਨਲਾਈਜੇਸ਼ਨ ਕਰਨ ਵੇਲੇ ਰੈਸ਼ਨਲਾਈਜੇਸ਼ਨ ਪਾਲਿਸੀ ਦੀ ਲੜੀ ਨੰ: 11 ਅਨੁਸਾਰ ਹੀ ਪਾਲਣਾ ਕੀਤੀ ਜਾਵੇ। ਜੇਕਰ ਮਜਬੂਰੀ ਬਣੇ ਤਾਂ ਮਿਡਲ ਸਕੂਲਾਂ ਵਿੱਚ ਹੇਠਲੀਆਂ

ਜਮਾਤਾਂ ਦੇ ਸਾਇੰਸ/ਹਿਸਾਬ ਵਿਸ਼ੇ ਦੇ ਪੀਰੀਅਡ ਹੀ ਦੂਸਰੇ ਵਿਸ਼ੇ ਦੇ ਅਧਿਆਪਕਾਂ ਨੂੰ ਦਿੱਤੇ ਜਾਣ। ਇਸੇ ਤਰ੍ਹਾ ਸਮਾਜਿਕ ਸਿੱਖਿਆ ਦੇ ਹੇਠਲੀਆਂ ਜਮਾਤਾਂ ਦੇ ਪੀਰੀਅਡ ਵੀ ਦੁਸਰੇ ਵਿਸ਼ੇ ਦੇ ਅਧਿਆਪਕਾ ਨੂੰ ਦਿੱਤੇ ਜਾਣ।ਇਸ ਸਬੰਧੀ ਸਕੂਲ ਮੁੱਖੀ ਪੂਰਣ ਤੌਰ ਤੇ ਜਿੰਮੇਵਾਰ ਹੋਵੇਗਾ ਕਿ ਉਹ ਅਧਿਆਪਕਾ ਤੋਂ ਸਕੂਲ ਦੀ ਸਮਾਂ ਸਾਰਣੀ ਦੀ ਲੋੜ ਅਨੁਸਾਰ ਕੰਮ ਲਵੇ। ਕਿਸੇ ਵੀ ਹਾਲਤ ਵਿੱਚ ਮਿਡਲ ਸਕੂਲਾਂ ਵਿੱਚ ਹਿਸਾਬ ਵਿਸ਼ੇ ਦਾ ਅਧਿਆਪਕ ਨਿਯੁਕਤ ਨਾ ਕੀਤਾ ਜਾਵੇ।

9) ਜੇ ਇੱਕ ਪਿੰਡ ਜਾ ਸ਼ਹਿਰ ਵਿੱਚ ਲੜਕੇ ਅਤੇ ਲੜਕੀਆਂ ਦੇ ਸਕੂਲ ਵੱਖਰੇ-ਵੱਖਰੇ ਹਨ, ਜੇਕਰ ਸੰਭਵ ਹੋਵੇ ਤਾਂ ਪੁਰਸ਼ ਅਧਿਆਪਕਾ ਨੂੰ ਲੜਕਿਆ ਦੇ ਸਕੂਲ ਵਿੱਚ ਅਤੇ ਇਸਤਰੀ ਅਧਿਆਪਕਾ ਨੂੰ ਲੜਕੀਆਂ ਦੇ ਸਕੂਲ ਵਿੱਚ ਸ਼ਿਫਟ ਕੀਤਾ ਜਾਵੇ।

10) ਸਕੂਲਾਂ ਵਿੱਚ ਸੈਕਸ਼ਨਾਂ ਦੀ ਗਿਣਤੀ ਸਕੂਲ ਵਿੱਚ ਮੋਜੂਦ ਕਮਰਿਆ ਦੀ ਗਿਣਤੀ ਅਨੁਸਾਰ ਹੀ ਦਰਸਾਈ ਜਾਵੇ ਅਤੇ ਇਹ ਸਕੂਲ ਵਿੱਚ ਮੋਜੂਦ ਸਮਾਂ ਸਾਰਣੀ ਨਾਲ ਮੇਲ ਖਾਂਦੀ ਹੋਵੇ।

11) ਸਿੱਖਿਆ ਪ੍ਰੋਵਇਡਰ (ਸਿੱਖਿਆ ਕਰਮੀਆਂ) ਦੀ ਸ਼ਿਫਟਿੰਗ ਕਰਨ ਵੇਲੇ ਜਿਲ੍ਹਾ ਪੱਧਰ ਤੇ ਜਿਲ੍ਹਾ ਸਿੱਖਿਆ ਅਫਸਰ (ਸੈ ਸਿ ਅਤੇ ਐ ਸਿ) ਜਿਲ੍ਹਾ ਪੱਧਰ ਦੀ ਕਮੇਟੀ ਬਣਾਕੇ ਸਿੱਖਿਆ ਕਰਮੀਆਂ ਦੀ ਸ਼ਿਫਟਿੰਗ ਕਰਨਗੇ।

12) ਜੇਕਰ ਪਿਛਲੇ ਸਾਲ ਦੀ ਰੈਸ਼ਨੇਲਾਈਜੇਸ਼ਨ ਵਿੱਚ ਪੋਸਟ ਸਰਪਲਸ ਸੀ ਪਰ ਪੋਸਟ ਦੀ ਸ਼ਿਫਟਿੰਗ ਨਹੀਂ ਕੀਤੀ ਗਈ ਅਤੇ ਸਰਪਲਸ ਪੋਸਟ ਤੇ ਕੋਈ ਅਧਿਆਪਕ ਬਦਲੀ ਕਰਵਾਕੇ ਆ ਗਿਆ ਹੈ ਅਤੇ ਸਾਲ 2013-14 ਦੀ ਰੈਸ਼ਨੇਲਾਈਜੇਸ਼ਨ ਦੌਰਾਨ ਵੀ ਇਹ ਪੋਸਟ ਸਰਪਲਸ ਹੈ ਤਾਂ ਪਿਛਲੇ ਸਾਲ ਸਰਪਲਸ ਪੋਸਟ ਤੇ ਆਇਆ ਅਧਿਆਪਕ ਹੀ ਇਸ ਸਾਲ ਦੀ ਰੈਸ਼ਨੇਲਾਈਜੇਸ਼ਨ ਵਿੱਚ ਸ਼ਿਫਟ ਕੀਤਾ ਜਾਵੇ ਅਤੇ ਇਸ ਨੂੰ ਯਕੀਨੀ ਬਣਾਇਆ ਜਾਵੇ।

13) ਪ੍ਰਾਇਮਰੀ ਵਿਭਾਗ ਵਿੱਚ ਹੈਡ ਟੀਚਰਾਂ ਦੀਆਂ ਅਸਾਮੀਆਂ ਦੀ ਸ਼ਿਫਟਿੰਗ ਹੇਠ ਲਿਖੇ ਅਨੁਸਾਰ ਕੀਤੀ ਜਾਵੇ।

a. ਜਿਨ੍ਹਾਂ ਸਕੂਲਾਂ ਵਿੱਚ ਆਰ.ਟੀ.ਈ ਐਕਟ ਅਧੀਨ ਹੈਡ ਟੀਚਰ ਦੀ ਲੋੜ ਹੈ ਅਤੇ ਹੈਡ ਟੀਚਰ ਮੋਜੂਦ ਹੈ, ਉਹਨਾਂ ਸਕੂਲਾ ਤੋਂ ਬਿਨਾਂ ਵਿਦਿਆਰਥੀਆਂ ਦੇ ਗਿਣਤੀ ਅਨੁਸਾਰ ਘਟਦੇ ਕ੍ਰਮ ਵਿੱਚ ਵਿਦਿਆਰਥੀ ਦੀ ਗਿਣਤੀ ਦਰਸਾਉਂਦੀ ਸਕੂਲਾਂ ਦੀ ਇੱਕ ਸੂਚੀ ਬਣਾਈ ਜਾਵੇ।

b. ਇਸ ਸੂਚੀ ਵਿੱਚੋਂ ਸਭ ਤੋਂ ਵੱਧ ਗਿਣਤੀ ਵਾਲੇ ਸਕੂਲਾਂ ਤੋਂ ਸ਼ੁਰੂ ਕਰਕੇ, ਘੱਟਦੇ ਕ੍ਰਮ ਵਿੱਚ ਦਰਜ ਸਕੂਲਾਂ ਵਿੱਚ ਹੈਡ ਟੀਚਰ ਦੀ ਅਸਾਮੀ ਮੈਰਿਟ ਅਨੁਸਾਰ ਉਨ੍ਹਾਂ ਸਕੂਲਾਂ ਵਿੱਚੋਂ ਸ਼ਿਫਟ ਕੀਤੀ ਜਾਵੇ ਜਿਥੇ ਹੈਡ ਟੀਚਰ ਦੀ ਲੋੜ ਨਹੀਂ ਹੈ।

c. ਹੈਡ ਟੀਚਰ ਦੀ ਸ਼ਿਫਟਿੰਗ ਕਰਨ ਵੇਲੇ ਪਹਿਲਾ ਬਲਾਕ ਪੱਧਰ ਤੇ ਅਤੇ ਬਾਅਦ ਵਿੱਚ ਜਿਲ੍ਹਾ ਪੱਧਰ ਤੇ ਕੇਸ ਵਿਚਾਰੇ ਜਾਣ।

d. ਜੇਕਰ ਹੈਡ ਟੀਚਰ ਦੀ ਅਸਾਮੀ ਭਰੀ ਹੈ ਅਤੇ ਸਕੂਲ ਵਿੱਚ ਹੈਡ ਟੀਚਰ ਦੀ ਲੋੜ ਨਹੀਂ ਹੈ ਅਤੇ ਹੈਡ ਟੀਚਰ ਨੂੰ ਸ਼ਿਫਟ ਕਰਨਾ ਹੈ ਤਾਂ ਹੈਡ ਟੀਚਰ ਤੋਂ ਸੀਨੀਆਰਤਾ ਦੇ ਆਧਾਰ ਤੇ ਚੌਣ ਲਈ ਜਾਵੇ।

14) ਜੋ ਅਧਿਆਪਕ ਪਿਛਲੇ ਦੋ ਸਾਲਾਂ (2011-12, 2012-13) ਵਿੱਚ ਰੈਸ਼ਨੇਲਾਈਜ਼ੇਸ਼ਨ ਅਧੀਨ ਬਦਲ ਕੇ ਸਕੂਲ ਵਿੱਚ ਆਇਆ ਹੈ ਤਾਂ ਉਨ੍ਹਾਂ ਨੂੰ ਸ਼ਿਫਟ ਨਾ ਕੀਤਾ ਜਾਵੇ। ਪਰ ਇਹ ਸ਼ਰਤ ਸਾਇੰਸ ਅਤੇ ਕਾਮਰਸ ਗਰੁੱਪ ਤੇ ਲਾਗੂ ਨਹੀ ਹੋਵੇਗੀ।

15) ਮੈਡੀਕਲ ਬੋਰਡ ਵੱਲੋਂ ਘੋਸ਼ਿਤ ਕੰਪਲੀਕੇਟਿਡ ਕਰੋਨਿਕ ਬਿਮਾਰੀ ਨਾਲ ਪੀੜਤ ਅਧਿਆਪਕ ਜਿਸ ਦਾ ਮੈਡੀਕਲ ਸਰਟੀਫਿਕੇਟ ਮੈਡੀਕਲ ਬੋਰਡ ਆਫ਼ ਮੈਡੀਕਲ ਕਾਲਿਜ਼ ਤੋਂ ਜਾਰੀ ਹੋਇਆ ਹੈ, ਨੂੰ ਸ਼ਿਫਟ ਨਾ ਕੀਤਾ ਜਾਵੇ।

16) ਦਰਜਾ ਚਾਰ ਦੀ ਰੈਸ਼ਨਾਈਲੇਜੇਸ਼ਨ ਜਿਲ੍ਹਾ ਪੱਧਰ ਤੇ ਕੀਤੀ ਜਾਵੇ।

17) ਤਹਿਸੀਲ ਪੱਧਰ ਤੇ ਰੈਸ਼ਨੇਲਾਈਜ਼ੇਸ਼ਨ ਸਬੰਧੀ ਬਣਾਈ ਕਮੇਟੀ ਸਕੂਲਾਂ ਤੋਂ ਨਿਰਧਾਰਤ ਪ੍ਰਫਾਰਮਿਆਂ ਤੇ ਡਾਟਾ ਇਕੱਠਾ ਕਰੇਗੀ ਅਤੇ ਵਿਭਾਗ ਵੱਲੋਂ ਜਾਰੀ ਕੰਪਿਊਟਰਾਇਜ਼ਡ ਪ੍ਰਫਾਰਮਿਆਂ ਤੇ ਵਿਸ਼ੇਵਾਰ ਇਸ ਨੂੰ ਸੰਕਲਨ (ਕੰਪਾਇਲ) ਕਰੇਗੀ। ਜਿਲ੍ਹਾ ਸਿੱਖਿਆ ਅਫਸਰ ਇਹ ਸੰਕਲਨ ਆਪਣੀ ਨਿਗਰਾਨੀ ਵਿੱਚ ਕਰਵਾਏ ਤਾਂ ਜੋ ਪ੍ਰਫਾਰਮੇ ਭਰਨ ਵਿੱਚ ਇਕਸਾਰਤਾ ਰਹੇ ਅਤੇ ਗਲਤੀ ਦੀ ਗੁੰਜਾਇਸ਼ ਨਾ ਰਹੇ।

18) ਸਾਰੇ ਜਿਲ੍ਹਾ ਸਿੱਖਿਆ ਅਫਸਰ ਉਪਰੋਕਤ ਅਨੁਸਾਰ ਸਰਪਲੱਸ ਅਸਾਮੀਆਂ ਦੀ ਸ਼ਿਫਟਿੰਗ/ਤਜ਼ਵੀਜ ਮਿਤੀ 28.05.13 ਤੱਕ ਸਬੰਧਤ ਦਫਤਰ ਮੰਡਲ ਸਿੱਖਿਆ ਅਫਸਰ ਨੂੰ ਦੇਣਗੇ ਅਤੇ ਮੰਡਲ ਸਿੱਖਿਆ ਅਫਸਰ ਮਿਤੀ 30.05.13 ਤੱਕ ਉਪਰੋਕਤ ਅਨੁਸਾਰ ਰਿਪੋਰਟ ਡੀ.ਪੀ.ਆਈ. ਦਫਤਰ ਵਿਖੇ ਭੇਜਣਗੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ)
ਪੰਜਾਬ।